# ਗੁਰਮੀਤ ਬਰਾੜ ਦੀ ਕਵਿਤਾ ਦੀ ਨੁਹਾਰ


-ਡਾ.ਸੁਰਜੀਤ ਸਿੰਘ

ਪੰਜਾਬੀ ਯੂਨੀਵਰਸਿਟੀ ਪਟਿਆਲਾ


ਪੰਜਾਬੀ ਦੇ ਸਾਹਿਤਕ ਦਾਇਰਿਆਂ ਵਿੱਚ ਗੁਰਮੀਤ ਬਰਾੜ ਅਤੇ ਉਸਦੀ ਕਵਿਤਾ ਤੋਂ ਕੋਈ ਬਹੁਤੇ ਲੋਕ ਵਾਕਿਫ਼ ਨਹੀਂ ਹੋਣਗੇ। ਉਸਦੀ ਕਿਤਾਬ ਦਾ ਖਰੜਾ ਮੇਰੇ ਕੋਲ ਪਹੁੰਚਣ ਤੋਂ ਪਹਿਲਾਂ ਮੈਂ ਵੀ ਵਾਕਿਫ਼ ਨਹੀਂ ਸਾਂ।ਇਥੋਂ ਤੱਕ ਕਿ ਉਸਦੇ ਦੋਸਤ ਗੁਰਿੰਦਰ ਨੂੰ ਵੀ ਥੋੜੀ ਦੇਰ ਪਹਿਲਾਂ ਹੀ ਗੁਰਮੀਤ ਦੇ ਕਾਵਿ-ਕਰਮ ਬਾਰੇ ਪਤਾ ਲੱਗਾ ਸੀ।ਕਹਿਣ ਦਾ ਭਾਵ ਹੈ ਕਿ ਗੁਰਮੀਤ ਗੁੱਝਾ ਕਵੀ ਸੀ ਤੇ ਚੁੱਪ-ਚਪੀਤੇ ਕਵਿਤਾ ਨਾ਼ਲ ਜੁੜਿਆ ਹੋਇਆ ਸੀ।ਮੈਨੂੰ ਗੁਰਿੰਦਰ ਸਿੰਘ ਜੋ ਮੁਕਤਸਰ ਦਾ ਰਹਿਣ ਵਾ਼ਲਾ ਹੈ ਅਤੇ ਮੁਲਾਜ਼ਮਤ ਕਾਰਣ ਲੁਧਿਆਣੇ ਆ ਗਿਆ ਹੈ ਨੇ ਗੁਰਮੀਤ ਬਰਾੜ ਦੀ ਕਵਿਤਾ ਬਾਰੇ ਦੱਸ ਪਾਈ ਅਤੇ ਉਸ ਦੀਆਂ ਕਵਿਤਾਵਾਂ ਦਾ ਖਰੜਾ ਪੜ੍ਹਨ ਲਈ ਭਿਜਵਾਇਆ।ਗੁਰਮੀਤ ਬਰਾੜ ਰਾਜਸਥਾਨ ਰਹਿੰਦਾ ਹੈ ,ਇਸ ਤੱਥ ਨੇ ਮੇਰੇ ਮਨ ਵਿੱਚ ਉਸਦੀ ਦੀ ਕਵਿਤਾ ਬਾਰੇ ਉਤਸੁਕਤਾ ਪੈਦਾ ਕਰ ਦਿੱਤੀ ਸੀ।ਇਸ ਦੇ ਦੋ ਕਾਰਣ ਸਨ ।ਪਹਿਲਾ ਇਹ ਕਿ ਮੈਂ ਉਸ ਰਾਹੀਂ ਪੰਜਾਬ ਤੋਂ ਬਾਹਰ ਬੈਠ ਕੇ ਲਿਖੀ ਜਾ ਰਹੀ ਪੰਜਾਬੀ ਕਵਿਤਾ ਦਾ ਸਾਰ ਤੇ ਸੁਭਾਅ ਜਾਣ ਸਕਾਂਗਾ।ਦੂਜਾ ਇਹ ਕਿ ਪਿੱਛੇ ਜਿਹੇ ਭੋਪਾਲ(ਮੱਧ ਪ੍ਰਦੇਸ਼) ਵਿੱਚ ਹੋਈ ਇੱਕ ਉੱਤਰੀ ਭਾਰਤ ਸਾਹਿਤਕ ਕਾਨਫਰੰਸ ਵਿੱਚ ਮੈਨੂੰ ਇਕ ਨੌਜਵਾਨ ਰਾਜਸਥਾਨੀ ਕਵੀ ਦੀਆਂ ਕਵਿਤਾਵਾਂ ਸੁਣਨ ਦਾ ਮੌਕਾ ਮਿਲਿਆ ਸੀ।ਉਸ ਕਵੀ ਦੀ ਕਵਿਤਾ ਦੀ ਖ਼ਾਸੀਅਤ ਇਹ ਸੀ ਕਿ ਉਸ ਦਾ ਭਾਸ਼ਾਈ ਜੁੱਸਾ ਜਿੰਨਾ ਸਹਿਜ ‘ਤੇ ਉਚੇਚ ਰਹਿਤ ਸੀ ਉਨਾ ਹੀ ਉਸਦਾ ਪ੍ਰਭਾਵ ਤਿੱਖਾ ‘ਤੇ ਡੂੰਘਾ ਸੀ।ਉਸ ਕਾਨਫਰੰਸ ਵਿੱਚ ਕਸ਼ਮੀਰੀ ‘ਤੇ ਰਾਜਸਥਾਨੀ ਕਵਿਤਾ ਨੂੰ ਹੋਰ ਭਾਸ਼ਾਵਾਂ ਦੀ ਕਵਿਤਾ ਦੇ ਮੁਕਾਬਲੇ ਵਧੇਰੇ ਹੁੰਗਾਰਾ ਮਿ਼ਲਿਆ ਸੀ।ਮੈਨੂੰ ਗੁਰਮੀਤ ਦੀ ਕਵਿਤਾ ਵਿੱਚੋਂ ਰਾਜਸਥਾਨੀ ਵਿੱਚ ਲਿਖੀ ਜਾ ਰਹੀ ਕਵਿਤਾ ਨਾ਼ਲ ਪੰਜਾਬੀ ਕਵਿਤਾ ਦੇ ਸੰਵਾਦ ਦੀ ਟੋਹ ਮਿ਼ਲ ਸਕਦੀ ਸੀ ਅਤੇ ਇਹ ਵੀ ਕਿ ਇੱਕ ਪੰਜਾਬੀ ਕਵੀ ਰਾਜਸਥਾਨ ਦੀਆਂ ਵਿਸ਼ੇਸ਼ ਜ਼ਮੀਨੀ ਹਕੀਕਤਾਂ ਦਰਮਿਆਨ ਬੈਠ ਕੇ ਉਥੋਂ ਦੇ ਭੂ-ਦ੍ਰਿਸ਼,ਭਾਸ਼ਾਈ ‘ਤੇ ਸਾਹਿਤਕ ਦ੍ਰਿਸ਼ ਨਾ਼ਲ ਸੰਵਾਦ ਰਚਾਉਂਦਾ ਹੋਇਆ ਕਿਸ ਕਿਸਮ ਦੀ ਕਵਿਤਾ ਲਿਖ ਰਿਹਾ ਹੈ।

ਉਸਦੀ ਕਵਿਤਾ ਪੜ੍ਹਦਿਆਂ ਮੈਂਨੂੰ ਤਸੱਲੀ ਹੋਈ ਕਿ ਉਸਦੀ ਕਵਿਤਾ ਉਚੇਚ ਭਾਸ਼ਕ ਜੁਗਲਬੰਦੀ ਤੋਂ ਕਾਫ਼ੀ ਹੱਦ ਤੱਕ ਮੁਕਤ ਹੈ ਅਤੇ ਸਧਾਰਣ ਮਨੁੱਖ ਦੇ ਉਹਨਾ ਮਸਲਿਆਂ ਨੂੰ ਸੰਬੋਧਿਤ ਹੁੰਦੀ ਹੈ ਜਿੰਨ੍ਹਾਂ ਤੋਂ ਪੰਜਾਬ ਵਿੱਚ ਰਚੀ ਜਾ ਰਹੀ ‘ਪ੍ਰਵਾਨਿਤ’ ਕਵਿਤਾ ਵਿੱਥ ਸਥਾਪਿਤ ਕਰ ਰਹੀ ਹੈ।ਦਸੰਬਰ ਦੇ ਪਹਿਲੇ ਹਫਤੇ ਪਟਿਆਲੇ ‘ਚ ਵਿਸ਼ਵ ਪੰਜਾਬੀ ਕਾਨਫਰੰਸ ਮੌਕੇ 1947 ਤੋਂ ਬਾਅਦ ਦੀ ਪੂਰਬੀ ਪੰਜਾਬ ਦੀ ਪੰਜਾਬੀ ਕਵਿਤਾ ਬਾਰੇ ਪਰਚਾ ਪੜ੍ਹਦਿਆਂ ਸ਼ਾਇਰ ਸੁਰਜੀਤ ਪਾਤਰ ਨੇ ਕਿਹਾ ਕਿ ਅਜੋਕੀ ਕਵਿਤਾ ਉਹਨਾ ਪਿੰਡਾਂ ਤੋਂ ਵਿੱਥ ਉੱਤੇ ਵਿਚਰ ਰਹੀ ਹੈ ਜਿਨ੍ਹਾਂ ਵਿਚ ਕਿ ਆਉਣ ਵਾ਼ਲੇ ਸਮਿਆਂ ਦਾ ਦੁਖਾਂਤ ਉੱਸਰ ਰਿਹਾ ਹੈ।ਇਸ ਪੱਖੋਂ ਗੁਰਮੀਤ ਦੀ ਕਵਿਤਾ ਪਿੰਡ ਵਿੱਚ ਖੜ੍ਹ ਕੇ ਜਾਂ ਪਿੰਡ ਦੇ ਨਾ਼ਲ ਖੜ੍ਹ ਕੇ ਲਿਖੀ ਗਈ ਕਵਿਤਾ ਹੈ।ਗੁਰਮੀਤ ਦੀ ਕਵਿਤਾ ਦੀ ਬਿੰਬਾਵਲੀ ਵਿੱਚੋਂ ਪਿੰਡ ਦੇ ਜੀਵਨ ਵਿੱਚ ਪਸਰੀ ਹੋਈ ਨਿਰਾਸ਼ਾ ,ਚਿੰਤਾ ,ਮੌਤ,ਬੇਬਸੀ ‘ਤੇ ਬਰਬਾਦੀ ਦੀਆਂ ਸਿਰਫ਼ ਝਲਕਾਂ ਹੀ ਨਹੀਂ ਮਿ਼ਲਦੀਆਂ, ਉਸ ਦੀ ਭਾਸ਼ਾ ਦੀ ਨੁਹਾਰ ਅਤੇ ਅਦਾ ਵਿੱਚੋਂ ਵੀ ਪਿੰਡ ਦੀ ਨਿਰਛਲਤਾ ਡਲ੍ਹਕਦੀ ਹੈ।ਉਹ ਇਸ ਕਿਸਮ ਦੇ ਦਿਲ ਡੋਬੂ ਦ੍ਰਿਸ਼ ਦਾ ਸਿਰਜਣ ਕਰਦਾ ਹੋਇਆ ਭਾਵੇਂ ਕਹਿੰਦਾ ਹੈ ਕਿ ਇਥੋਂ ਛੇਤੀ ਹੀ ਪਰਵਾਸ ਕਰ ਲੈਣਾ ਚਾਹੀਦਾ ਹੈ ਪਰ ਕਵਿਤਾ ਦੇ ਵਿਅੰਗ ਅਰਥ ਵਿੱਚ ਪਿੰਡ ਦੀ ਅਜਿਹੀ ਹਾਲਤ ਨਾ਼ਲ ਡੂੰਘੀ ਸਾਂਝ ਛੁਪੀ ਹੋਈ ਹੈ।

ਕੀ ਰਹੀਏ ਤੇਰੇ ਗਰਾਂ
ਤੇਰੇ ਕੰਧਾਂ ਤੇ ਉਕੇਰੇ
ਘੁੱਗੀਆਂ ‘ਤੇ ਕਬੂਤਰ
ਉੱਫਣੇਂ ਲਿਉੜਾਂ ਨੇ
ਫੱਟੜ ਕੀਤੇ
ਸੁੰਨੀ ਸੱਥ ਦੇ
ਸਿਉਂਕ ਖਾਧੇ
ਖੁੰਢਾਂ ਤੇ
ਬੈਠੀ ਇੱਕ ਪੀੜ੍ਹੀ
ਸਮਿਆਂ ਦੀ ਚੀਲ੍ਹ ਨੇ
ਖਾ ਲਈ........

ਅਜੋਕੇ ਸਮੇ ਵਿੱਚ ਜਦੋਂ ਅਸੀਂ ਸਮੁੱਚੀ ਪੰਜਾਬੀ ਕਵਿਤਾ ਤੇ ਨਿਗਾਹ ਮਾਰਦੇ ਹਾਂ ਤਾਂ ਇੱਕ ਵਿਵਿਧਤਾ ਭਰਪੂਰ ਦ੍ਰਿਸ਼ ਨਜ਼ਰ ਆਉਂਦਾ ਹੈ।ਅੱਜ-ਕੱਲ੍ਹ ਕਵਿਤਾ ਵਿਚ ਕਿਸੇ ਇੱਕ ਲਹਿਰ,ਵਾਦ ਜਾਂ ਚਿੰਤਨ ਵਿਧੀ ਦਾ ਬੋਲਬਾਲਾ ਨਜ਼ਰ ਨਹੀਂ ਆਉਂਦਾ ਪਰ ਵਾਦ ਦੀ ਗੈਰ ਹਾਜ਼ਰੀ  ਹਮੇਸ਼ਾ ਸੰਵਾਦ ਦੀ ਸਥਿਤੀ ਵੱਲ ਇਸ਼ਾਰਾ ਕਰੇ ,ਇਹ ਜ਼ਰੂਰੀ ਨਹੀ।ਅਜੋਕੀ ਕਵਿਤਾ ਨੂੰ ਸੰਵਾਦ ਦੀ ਕਵਿਤਾ ਕਹਿਣਾ ਸ਼ਾਇਦ ਉਚਿਤ ਨਾ ਹੋਵੇ ਕਿਉਂਕਿ ਕਵੀਆਂ ਦੀਆਂ ਕਵਿਤਾਵਾਂ ਵਿੱਚ ਸੰਵਾਦ ਵਰਗੀ ਚੀਜ਼ ਨਮੂਦਾਰ ਨਹੀਂ ਹੋ ਰਹੀ।ਪੰਜਾਬੀ ਕਵਿਤਾ ਦੇ ਵਿਵਿਧਤਾ ਪੂਰਣ ਦ੍ਰਿਸ਼ ਵਿੱਚ ਵਿਅਕਤੀਗਤ ਕਵੀਆਂ ਦੇ ਕਾਵਿ-ਕਰਮ ਵਿੱਚ ਵਿਵਿਧਤਾ ਨਜ਼ਰ ਨਹੀਂ ਆਉਂਦੀ ।ਬਹੁਤੇ ਕਵੀ ਇੱਕ ਖ਼ਾਸ ਕਿਸਮ ਦੀ,ਖ਼ਾਸ ਬਿੰਬਾਵਲੀ ਵਿੱਚ,ਖ਼ਾਸ ਕੋਣ ਤੋਂ,ਵਿਸ਼ੇਸ਼ ਪਾਠਕ/ਸਰੋਤੇ ਨੂੰ ਸੰਬੋਧਿਤ ਹੋ ਕੇ ਹੀ ਕਵਿਤਾ ਲਿਖ ਰਹੇ ਹਨ।ਜੋ 'ਮੈਂ'ਦਾ ਕਵੀ ਹੈ ਉਹ 'ਮੈਂ' ਨੂੰ ਸਮਰਪਿਤ ਹੈ ਜੋ 'ਅਮੈਂ'ਦਾ ਕਵੀ ਹੈ ਉਹ 'ਮੈਂ' ਵੱਲ ਪਰਤਣ ਤੋਂ ਝਿਜਕਦਾ ਹੈ।ਜਿਸ ਕਵੀ ਦੀ ਕਾਵਿ-ਚੇਤਨਾ ਅੰਦਰ ਵੱਲ ਮੁੜੀ ਹੋਈ ਹੈ ਉਸ ਨੂੰ ਬਾਹਰ ਦੀਆਂ ਵਿਰੋਧਤਾਵਾਂ ਨਜ਼ਰ ਨਹੀਂ ਆਉਂਦੀਆਂ ਜਾਂ ਉਸ ਲਈ ਕੋਈ ਅਰਥ ਹੀ ਨਹੀਂ ਰਖਦੀਆਂ ਹੁੰਦੀਆਂ ਅਤੇ ਜੋ ਬਾਹਰ ਦੇ ਸਰੋਕਾਰਾਂ ਨਾਲ਼ ਪ੍ਰਤੀਬੱਧ ਹੈ ਉਸ ਨੂੰ ਅੰਦਰ ਝਾਕਣ ਦਾ ਵੇਲ਼ਾ ਨਹੀਂ।ਬਹੁਤੇ ਕਵੀ ਕਿਸੇ ਇਕਹਿਰੇ ਥੀਮ ਅਤੇ ਸਰੋਕਾਰਾਂ ਨੂੰ ਸਮਰਪਿਤ ਹਨ ਅਤੇ ਕਿਸੇ ਰਚਨਾਤਮਕ ਅਵਿਸ਼ਕਾਰ ਜਾਂ ਪ੍ਰਾਕ੍ਰਮ ਦੇ ਰਸਤੇ ਤੁਰਨ ਦੀ ਬਜਾਏ ਇਸ ਇਕਹਿਰਤਾ ਦੀ ਓਟ ਵਿੱਚ ਆਪਣੀ ਸੰਵੇਦਨਾ ਦੀ ਰੱਖਿਆ ਦਾ ਕੰਮ ਕਰ ਰਹੇ ਪ੍ਰਤੀਤ ਹੁੰਦੇ ਹਨ।ਇਹ ਹੁੰਗਾਰਾ ਕਿਤੇ ਮਾਰਕੀਟ ਵਿਸ਼ੇਸ਼ਗਤਾ ਦੇ ਤਰਕ ਦੁਆਰਾ ਨਿਯੰਤ੍ਰਿਤ ਨਾ ਹੋਵੇ,ਅਜਿਹਾ ਮੈਨੂੰ ਖ਼ਦਸ਼ਾ ਹੈ।ਅਜਿਹੀ ਸਥਿਤੀ ਵਿੱਚ ਗੁਰਮੀਤ ਦੀ ਕਵਿਤਾ ਪੜ੍ਹ ਕੇ ਤਸੱਲੀ ਹੁੰਦੀ ਹੈ ਕਿ ਉਹ ਬਾਹਰ ਤਾਂ ਸੁਚੇਤ ਹੈ ਪਰ ਆਪਣੇ ਅੰਦਰ ਦੇ ਬਾਰੇ ਅਵੇਸਲਾ ਨਹੀਂ।ਉਹ ਲਿਖਦਾ ਹੈ-

ਇਸ ਤੋਂ ਪਹਿਲਾਂ
ਕਿ
ਵਕਤ ਉਧੇੜੇ
ਭੇਤਾਂ ਦੇ ਪਾਜ
ਚਲ ਮਨਾਂ
ਉੱਠ 'ਤੇ
ਦੇਹ ਅਜਾਨ
ਕਿ
ਹੋ ਗਿਆ ਹੈ ਵੇਲ਼ਾ
ਅੰਦਰ ਝਾਕਣ ਦਾ

ਗੁਰਮੀਤ ਦੀ ਕਵਿਤਾ ਵਿੱਚ ਸਮਕਾਲੀ ਸਥਿਤੀਆਂ ਦਾ ਬਹੁਤ ਡੂੰਘਾ ਤ੍ਰਾਸਦਿਕ ਬੋਧ ਹੈ।ਸੰਪਰਦਾਇਕ ਦੰਗਿਆਂ ਦੇ ਰੂਪ ਵਿੱਚ ਬਾਰ-ਬਾਰ ਨਸ਼ਰ ਹੁੰਦੇ ਮਨੁੱਖ ਦੇ ਹੈਵਾਨੀਅਤ ਭਰੇ ਵਿਵਹਾਰ ਨੂੰ ਉਹ ਓਪਰੇ ਜਿਹੇ ਅੰਦਾਜ਼ ਵਿੱਚ ਪ੍ਰਗਟਾਉਣ ਦੀ ਥਾਂ ਇੰਝ ਬਿਆਨਦਾ ਹੈ ਜਿਵੇਂ ਇਹ ਸਭ ਉਸ ਨੇ ਆਪਣੇ ਪਿੰਡੇ ਤੇ ਹੰਢਾਇਆ ਹੋਵੇ।ਪੰਜਾਬੀ ਦੇ ਬਹੁਤ ਘੱਟ ਕਵੀ ਹਨ ਜਿਨ੍ਹਾਂ ਨੇ ਸਮਕਾਲ ਵਿਚਲੀ ਸੰਪਰਦਾਇਕ ਵਹਿਸ਼ਤ ਬਾਰੇ ਆਪਣੀ ਕਵਿਤਾ ਵਿੱਚ ਓਨੀ ਹੀ ਸੰਵੇਦਨਾ ਪਰਗਟ ਕੀਤੀ ਹੋਵੇ ਜਿੰਨੀ ਉਹਨਾ ਦੀਆਂ 1984 ਦੇ ਸਿੱਖ ਕਤਲੇਆਮ ਬਾਰੇ ਆਪਣੀਆਂ ਕਵਿਤਾਵਾਂ ਵਿੱਚ ਪ੍ਰਗਟ ਕੀਤੀ ਹੋਵੇ।ਆਪਣੀ ਕਵਿਤਾ'ਗਿਆਰਾਂ ਚੁਰਾਸੀ'ਵਿੱਚ ਉਹ ਸਿੱਖ ਕਤਲੇਆਮ ਦੇ ਸ਼ਿਕਾਰ ਲੋਕਾਂ ਨੂੰ ਹਾਲੇ ਤੱਕ ਨਿਆਂ ਨਾ ਮਿਲਣ ਦੀ ਤ੍ਰਾਸਦੀ ਨੂੰ ਜਿਸ ਸ਼ਿੱਦਤ ਨਾਲ਼ ਪ੍ਰਗਟਾਅ ਕਰਦਾ ਹੈ ਉਹ ਜੇ ਅਲੱਭ ਨਹੀਂ ਤਾਂ ਦੁਰਲੱਭ ਜ਼ਰੂਰ ਹੈ -

ਸੁਣਿਆ ਹੈ
ਕਿ
ਕਤਲੋ-ਗ਼ਾਰਤ ਦੀ ਰਾਤ ਵੀ
ਬੇਸ਼ਰਮ ਤਾਰੇ
ਝਾਕਦੇ ਰਹੇ
ਅੰਬਰ ਦੀਆਂ
ਵਿਰਲਾਂ ਥਾਣੀਂ
ਜਦੋਂ
ਲੀਰੋ-ਲੀਰ ਹੋਈ ਪੱਤ

ਰੁਲ਼ਦੀ ਰਹੀ
ਰੰਗਰੂਟੀ ਬੂਟਾਂ ਥੱਲੇ

ਇਸੇ ਤਰ੍ਹਾਂ ਦੀ ਸ਼ਿੱਦਤ ਦਾ ਪ੍ਰਗਟਾਵਾ ਉਸ ਦੀ ਕਵਿਤਾ'ਪਸ਼ੁਤਾ' ਵਿੱਚ ਹੁੰਦਾ ਹੈ ਜਦੋਂ ਉਹ ਸੰਪਰਦਾਇਕਤਾ ਦੇ ਵਹਿਸ਼ੀਪੁਣੇ ਨੂੰ ਕਿਸੇ ਵਿਸ਼ੇਸ਼ ਘਟਨਾ ਜਾ ਸਥਿਤੀ ਨਾਲ਼ ਜੋੜਨ ਤੋਂ ਬਿਨਾ ਹੀ ਵਿਆਪਕ ਅਰਥਾਂ ਵਿੱਚ ਸਿਰਜਦਾ ਹੈ।

ਕਦੇ ਕਦੇ
ਕਿਸੇ ਕਿਸੇ
ਸ਼ਹਿਰ ਨੂੰ
ਤਾਪ ਜਿਹਾ ਚੜ੍ਹਦਾ ਹੈ
ਫਿਰ ਲਹੂ ਦੀ
ਗੁੜ੍ਹਤੀ ਨਾਲ਼ ਪਲ਼ੀ
ਆਦਮਜਾਤ ਦੇ
ਉੱਗ ਆਉਂਦੀਆਂ ਨੇ
ਨਹੁੰਦਰਾਂ......

ਗੁਰਮੀਤ ਬਰਾੜ ਆਪਣੀ ਕਵਿਤਾ ਵਿੱਚ ਵਰਤਮਾਨ ਸੰਸਾਰ ਵਿਵਸਥਾ ਦੇ ਮਨੁੱਖ ਵਿਰੋਧੀ ਸਾਰ ਨੂੰ ਬੜੀ ਗਹਿਰਾਈ ਨਾਲ਼ ਸਮਝਦਾ ਹੈ ਅਤੇ ਨਿਰਉਚੇਚ ਪਰ ਪ੍ਰਭਾਵਸ਼ਾਲੀ ਕਾਵਿ-ਭਾਸ਼ਾ ਵਿੱਚ ਪ੍ਰਗਟ ਕਰਦਾ ਹੈ।ਵਰਤਮਾਨ ਦੇ ਜਸ਼ਨਮਈ ਦ੍ਰਿਸ਼ਟਾਂਤ ਦੀ ਬਜਾਏ ਉਹ ਤ੍ਰਾਸਦਿਕ ਚਿੱਤਰ ਸਿਰਜਦਾ ਹੈ ਜਿਸ ਵਿੱਚ ਮਨੁੱਖ ਦੇ ਸੁਪਨਿਆਂ ਵੱਲ ਜਾਂਦਾ ਰਸਤਾ ਹੀ ਨਹੀਂ ਵਿਸਰ ਗਿਆ ਸਗੋਂ ਅਤੀਤ ਦਾ ਬੋਧ ਵੀ ਗਵਾਚ ਗਿਆ ਹੈ।ਇਸ ਤਰ੍ਹਾਂ ਦਾ ਵਰਤਮਾਨ ਦ੍ਰਿਸ਼ ਪਿੰਡ ਵਿੱਚ ਖੜ੍ਹ ਕੇ ਹੋਰ ਵੀ ਸਪਸ਼ਟ ਨਜ਼ਰ ਆਉਂਦਾ ਹੈ।ਉਹ ਲਿਖਦਾ ਹੈ-

ਵਰਤਮਾਨ
ਸਮੇਂ ਦੀ ਰਖੇਲ
ਸੌਣ ਵੇਲ਼ੇ
ਜਾਗੀ-ਜਾਗੀ
ਜਾਗਣ ਵੇਲ਼ੇ
ਸੁੱਤੀ-ਸੁੱਤੀ

ਇਸ ਤ੍ਰਾਸਦਿਕ ਬੋਧ ਦੀ ਖ਼ਾਸੀਅਤ ਇਹ ਹੈ ਕਿ ਇਹ ਅਜਿਹੀ ਘੋਰ ਨਿਰਾਸ਼ਾ ਦਵਾਰਾ ਗ੍ਰਹਿਣਿਆ ਹੋਇਆ ਨਹੀਂ ਜੋ ਆਮ ਹੀ ਨਿੱਜੀ ਹਿੱਤ ਤੋਂ ਪਾਰ ਅਤੇ ਦੂਰ ਤੱਕ ਦੇਖਣ ਦੀ ਸਮਰੱਥਾ ਤੋਂ ਊਣੇ ਮੱਧ-ਵਰਗ ਦਾ ਲੱਛਣ ਹੁੰਦਾ ਹੈ ਸਗੋਂ ਇਤਿਹਾਸਿਕ ਗਤੀ ਦੀ ਅਟੱਲਤਾ ਵਿੱਚ ਡੂਘੀ ਆਸਥਾ ਅਤੇ ਕਿਰਤ ਦੇ ਗੌਰਵ ਦੇ ਪ੍ਰਮਾਣਿਕ ਬੋਧ ਨਾਲ਼ ਭਰਿਆ ਪੂਰਿਆ ਹੈ।ਅਜੋਕੀ ਕਵਿਤਾ ਵਿੱਚ ਭਵਿਖ ਵਿੱਚ ਵਿਸ਼ਵਾਸ ਦਾ ਪ੍ਰਗਟਾਵਾ ਜਿਸ ਕਿਸਮ ਦੇ ਕਾਵਿ-ਬਿੰਬਾਂ ਵਿੱਚ ਹੋ ਰਿਹਾ ਹੈ ਉਨ੍ਹਾਂ ਦੀ ਪਛਾਣ ਇਹ ਹੈ ਕਿ ਪ੍ਰਕਿਰਤੀ ਦੀ ਸਹਿਜ ਗਤੀ ਇੱਕ ਪ੍ਰਤਿਮਾਨ ਵਾਂਗ ਪੇਸ਼ ਹੁੰਦੀ ਹੈ ਅਤੇ ਨਿੱਕੇ ਨਿਗੂਣੇ ਵੇਰਵੇ ਤਬਦੀਲੀ ਦੀ ਅਟੱਲਤਾ ਦਾ ਭਾਵ ਜਗਾਉਂਦੇ ਹਨ।ਗੁਰਮੀਤ ਦੀ ਕਵਿਤਾ ਵਿੱਚ 'ਤਬਦੀਲੀ'ਦੀ ਚਿਹਨਕਾਰੀ ਵੀ ਉਪਰੋਕਤ ਭਾਂਤ ਦੀ ਹੀ ਹੈ-

ਉਡੀਕ ਵਿੱਚ ਹਾਂ
ਕਿਸੇ
'ਵਾ ਦੇ ਬੁੱਲੇ ਦੀ
ਕਿਸੇ
ਝੋਕੇ ਦੇ ਸੇਕ ਦੀ
ਕਿਸੇ
ਬੱਦਲ਼ ਦੇ ਵਰ੍ਹਨ ਦੀ

ਕਿਰਤ ਦੇ ਗੌਰਵ ਨੂੰ ਉਹ ਇੰਝ ਪ੍ਰਗਟ ਕਰਦਾ ਹੈ-

ਮੇਰੇ ਬਾਪੂ ਦੇ
ਪਿੰਡੇ 'ਤੇ

ਅਜੇ ਵੀ ਹਨ
ਝਰੀਟਾਂ
ਸਮੇਂ ਦੀਆਂ ਨਹੁੰਦਰਾਂ
ਨਿੱਤ ਕਰਦੀਆਂ ਨੇ
ਲਹੂ-ਲੁਹਾਣ

ਉਸ ਦੀ ਕਾਵਿ-ਦ੍ਰਿਸ਼ਟੀ ਦੇ ਕਿਰਤੀ ਬੰਦੇ ਨਾ.ਲ ਜੁੜੇ ਸਰੋਕਾਰ ਉਸਦੀ ਕਵਿਤਾ ਵਿੱਚ ਕਿਸੇ ਅਪਵਾਦ ਦੇ ਰੂਪ ਵਿੱਚ ਪ੍ਰਗਟ ਹੋਣ ਦੀ ਬਜਾਏ ਇੱਕ ਨਿਰੰਤਰ ਤੇ ਇਕਸਾਰ ਨੇਮ ਵਾਂਗ ਹਾਜ਼ਰ ਹਨ।ਉਹ ਸੁਚੇਤ ਪੱਧਰ ਉੱਤੇ ਬੁਰਜ਼ੁਆ ਸੁਹਜ ਬੋਧ ਨੂੰ ਕਿਰਤੀ ਬੰਦੇ ਦੇ ਅਨੁਭਵ ਅਤੇ ਦ੍ਰਿਸ਼ਟੀ ਤੋਂ ਰੱਦ ਕਰਦਾ ਹੈ।ਉਸ ਦੀ ਕਵਿਤਾ 'ਕਸ਼ਿਸ਼' ਇਸ ਗੱਲ ਦਾ ਪ੍ਰਮਾਣ ਹੈ।ਕਵੀ ਦੇ ਆਪਣੇ ਸੁਹਜ ਬੋਧ ਦਾ ਪਤਾ ਉਸਦੀ ਕਵਿਤਾ ਵਿਚਲੀ ਬਿੰਬਾਵਲੀ ਅਤੇ ਭਾਸ਼ਾ ਤੋ ਹੋ ਜਾਂਦਾ ਹੈ।ਸੁਭਾਸ਼ਣੀ ਪ੍ਰਗਟਾਉ ਸ਼ੈ.ਲੀ ਦੀ ਬਜਾਏ ਉਹ ਕਵਿਤਾ ਵਿੱਚ ਉਚਾਰਣੀ ਭਾਸ਼ਾ ਦੀ ਸ਼ਬਦਾਵਲੀ ਅਤੇ ਪ੍ਰਗਟਾਵਿਆਂ ਨੂੰ ਨਿਰਉਚੇਚ ਅੰਦਾਜ਼ ਵਿੱਚ ਵਰਤਦਾ ਹੈ।ਇਸੇ ਲਈ ਉਸਦੀ ਕਾਵਿ-ਭਾਸ਼ਾ ਦੀਆਂ ਧੁਨੀਆਂ ਸੁਭਾਸ਼ਣੀ ਪ੍ਰਗਟਾਊ ਸ਼ੈਲੀ ਵਾ.ਲੀ ਕਵਿਤਾ ਨੂੰ ਪੜ੍ਹਨ ਦੇ ਆਦੀ ਪਾਠਕ ਨੂੰ ਅਖਰਣਗੀਆਂ।ਪਰ ਉਸ ਦੀ ਕਾਵਿ-ਭਾਸ਼ਾ ਇਸ ਪੱਖੋਂ ਜੁਝਾਰਵਾਦੀ ਕਵਿਤਾ ਦੇ ਪ੍ਰਤਿਮਾਨਾ ਨਾ.ਲ ਸਾਂਝ ਪਾਉਂਦੀ ਹੈ।

ਉਸ ਦੀ ਕਵਿਤਾ ਦੀ ਇੱਕ ਖ਼ਾਸੀਅਤ ਉਸ ਦੀ ਨਾਰੀ ਹੋਂਦ ਬਾਰੇ ਵਿਲੱਖਣ ਕਿਸਮ ਦੀ ਬਿੰਬਕਾਰੀ ਵਜੋਂ ਪ੍ਰਗਟ ਹੁੰਦੀ ਹੈ ਜਿਸ ਵਿੱਚੋਂ ਨਾਰੀ ਹੋਂਦ ਨਾ.ਲ ਵਿੱਥ ਹੋਰ ਕਵੀਆਂ ਦੇ ਮੁਕਾਬਲੇ ਘਟੀ ਹੋਈ ਪ੍ਰਤੀਤ ਹੁੰਦੀ ਹੈ।ਉਹ ਔਰਤ ਦੇ ਹੁਸਨ ਦੀ ਪ੍ਰਸ਼ੰਸਾ ਨੂੰ ਮਰਦ ਦੀ 'ਬੁੱਕ.ਲ ਵਿੱਚ ਲੁਕੋਏ ਸਾਜਿਸ਼ਾਂ ਦੇ ਨਸ਼ਤਰ'ਕਹਿੰਦਾ ਹੈ,ਮਰਦ ਦੇ ਔਰਤ ਪ੍ਰਤਿ ਸਮਰਪਣ ਦੇ ਛਿਣਕ ਸੁਭਾਅ ਦੇ ਮੁਕਾਬਲੇ ਔਰਤ ਦੇ ਮਰਦ ਪ੍ਰਤਿ ਸਮਰਪਣ ਨੂੰ ਇਕਸਾਰ,ਨਿਰੰਤਰ 'ਤੇ ਸਥਾਈ ਕਹਿੰਦਾ ਹੈ ਜੋ ਬੰਦੇ ਦੀ ਹੋਂਦ ਨੂੰ 'ਧੁਰ ਅੰਦਰ ਤੱਕ ਸਰਵਾ' ਕਰ ਜਾਂਦਾ ਹੈ।ਉਹ ਪਰਦੇਸੀਆਂ ਦੇ ਦੁੱਖ ਨੂੰ ਜਰਦੀਆਂ,ਜਿਊਂਦੀਆਂ,ਟੁੱਟਦੀਆਂ ਔਰਤਾਂ ਦੇ ਦਰਦ ਨੂੰ ਪੇਸ਼ ਕਰਨ ਲੱਗਿਆਂ ਮਾਂਵਾਂ,ਤ੍ਰੀਮਤਾਂ,ਭੈਣਾਂ ਅਤੇ ਧੀਆਂ ਦੀ ਪੀੜ ਨੂੰ ਇੱਕੋ ਜਿੰਨੀ ਸ਼ਿੱਦਤ ਨਾ.ਲ ਪ੍ਰਗਟਾਉਂਦਾ ਹੈ।

ਆਥਣ ਵੇ.ਲੇ
ਕੌ.ਲਿਆਂ ਨਾ.ਲ ਲੱਗੀਆਂ
ਜਣਦੀਆਂ
ਚੁੰਨੀ ਨੂੰ ਗੰਢਾਂ ਦਿੰਦੀਆਂ
ਤ੍ਰੀਮਤਾਂ
ਰੇਤੇ ਤੇ ਉਂਗ.ਲਾਂ ਨਾ.ਲ
ਘਰ ਬਣਾਉਂਦੀਆਂ
ਹਮਜਾਈਆਂ
ਘੁੱਟ ਕੇ
ਮੀਢੀਆਂ ਗੁੰਦਦੀਆਂ
ਕੰਜਕਾਂ
ਸਭ
ਵਿਜੋਗਣਾਂ ਨੇ ਵਿਚਾਰੀਆਂ....

ਇਸੇ ਤਰਾਂ ਨਵੀਆਂ ਮੁਟਿਆਰ ਹੁੰਦੀਆਂ ਕੁੜੀਆਂ ਦੀ ਅੰਦਰਲੀ ਅਵਸਥਾ ਨੂੰ ਉਹ ਬੜੀ ਖ਼ੂਬਸੂਰਤੀ ਨਾ.ਲ 'ਅੱਗ ਦੀ ਜਾਈ'ਕਵਿਤਾ ਵਿੱਚ ਪੇਸ਼ ਕਰਦਾ ਹੈ।

ਉਸ ਦੀ ਕਵਿਤਾ ਦੀ ਇੱਕ ਖ਼ਾਸੀਅਤ ਅਵਚੇਤਨ 'ਤੇ ਚੇਤਨ ਅਤੇ ਆਦਰਸ਼ਕ ਕੀਮਤਾਂ 'ਤੇ ਸੁਪਨਿਆਂ ਦੇ ਵੇਗ ਨੂੰ ਅਜਬ ਤਰਤੀਬ ਦੇਣ ਨਾ.ਲ ਸੰਬੰਧਿਤ ਹੈ।ਆਪਣੀ ਕਵਿਤਾ'ਪਹਿਰਾ'ਵਿੱਚ ਉਹ 'ਵੈਲੀ'ਸੁਪਨਿਆਂ ਨੂੰ ਹਕੀਕਤਾਂ ਦਾ ਕਾਤਿਲ ਕਹਿੰਦਾ ਹੈ ਅਤੇ 'ਡੰਡੀਆਂ ਦੀ ਥਾਂ ਰਾਹ'ਉੱਤੇ ਤੁਰਨ ਦੀ ਤਜ਼ਵੀਜ਼ ਦਿੰਦਾ ਨੈਤਿਕ ਕਦਰਾਂ ਕੀਮਤਾਂ ਦੇ ਸਮਾਜਿਕ ਮਹੱਤਵ ਦੀ ਗੱਲ ਕਰਦਾ ਹੈ।ਇਸ ਪੱਖੋਂ ਉਸ ਦੀ ਕਵਿਤਾ ਨਿਵੇਕ.ਲਾ ਪੈਂਤੜਾ ਅਪਣਾਉਂਦੀ ਹੈ ਜਿਸ ਦੀ ਸਾਰਥਕਤਾ ਵਿਚਾਰ ਦੀ ਮੰਗ ਕਰਦੀ ਹੈ।ਉਹ ਮੁਹੱਬਤ ਦੇ ਜਜ਼ਬੇ ਦੀ ਪਵਿੱਤਰਤਾ 'ਤੇ ਮਹਾਨਤਾ ਨੂੰ ਬਾਰ-ਬਾਰ ਗਾਉਂਦਾ ਹੈ ਪਰ ਜਦੋਂ ਉਹ ਅਪਣੀ ਕਵਿਤਾ ਵਿੱਚ ਇਹ ਕਹਿੰਦਾ ਹੈ ਕਿ ਲੁਕ-ਲੁਕ ਕੇ ਪਾਈ ਮੁਹੱਬਤ ਅਯਾਸ਼ੀ ਹੈ ਤਾਂ ਨਿਸ਼ਚੇ ਹੀ ਉਹ ਮੁਹੱਬਤ ਨਾ.ਲ ਜੁੜੀ

ਜ਼ਿੰਮੇਵਾਰੀ ਵੱਲ ਇਸ਼ਾਰਾ ਕਰ ਰਿਹਾ ਹੈ ਜਿਸ ਨਾਲ਼ ਮੁਹੱਬਤ ਸਮਾਜਿਕ ਸਪੇਸ ਉੱਤੇ ਪ੍ਰਗਟ ਹੋ ਕੇ ਇੱਕ ਲੜਾਈ ਦਾ ਰੂਪ ਅਖ਼ਤਿਆਰ ਕਰ ਜਾਂਦੀ ਹੈ। ਉਹ ਲਿਖਦਾ ਹੈ-

ਲੁਕ-ਲੁਕ ਕੇ
ਪਾਇਆ ਮੋਹ
ਮੁਹੱਬਤ ਨਹੀਂ
ਅਯਾਸ਼ੀ ਹੈ
ਕਿਸੇ ਕਾਗਜ਼ ਦੇ
ਹਾਸ਼ੀਏ 'ਤੇ
ਮਾਰੀਆਂ
ਬੇ-ਅਰਥ
ਝਰੀਟਾਂ ਵਾਂਗ....

ਗੁਰਮੀਤ ਬਰਾੜ ਦੀ ਕਵਿਤਾ ਵਿਚਲਾ ਭਾਸ਼ਾਈ ਰੰਗ ਨਿਵੇਕਲਾ ਪ੍ਰਭਾਵ ਪਾਉਂਦਾ ਹੈ। ਇਹ ਰੰਗ ਜਦੋਂ ਉਸ ਦੀ ਕਵਿਤਾ ਦੇ ਪ੍ਰਗੀਤ ਦਾ ਅੰਗ ਬਣ ਕੇ ਆਉਂਦਾ ਹੈ ਤਾਂ ਲੋਕ ਗੀਤ ਵਰਗਾ ਰਿਦਮ ਪੈਦਾ ਹੁੰਦਾ ਹੈ ਜੋ ਪਾਠਕ ਨੂੰ ਭਾਵਿਤ 'ਤੇ ਪ੍ਰਭਾਵਿਤ ਕਰਦਾ ਹੈ। ਉਸ ਦੇ ਇਸ ਕਾਵਿ-ਸੰਗ੍ਰਹਿ ਵਿਚਲੀਆਂ ਪ੍ਰਗੀਤਕ ਕਵਿਤਾਵਾਂ ਵਿਸ਼ੇਸ਼ ਧਿਆਨ ਖਿੱਚਦੀਆਂ ਹਨ। ਉਸ ਦੀ ਕਵਿਤਾ ਵਿੱਚੋਂ ਪੰਜਾਬੀ 'ਤੇ ਰਾਜਸਥਾਨੀ ਦੇ ਸੁਮੇਲ ਦਾ ਪ੍ਰਭਾਵ ਪੈਂਦਾ ਹੈ ਜੋ ਪੰਜਾਬੀ ਕਵਿਤਾ ਵਿੱਚ ਹੋਰ ਵੰਨ-ਸੁਵੰਨਤਾ ਲਿਆਉਣ ਕਰਕੇ ਸਵਾਗਤਯੋਗ ਹੈ। ਗੁਰਮੀਤ ਕਦੇ-ਕਦੇ ਇੱਕ ਨਵੇਂ ਕਵੀ ਵਾਂਗ ਨਿੱਕੇ-ਨਿੱਕੇ ਬਿੰਬਾਂ ਦੀ ਪੇਸ਼ਕਾਰੀ ਦੇ ਲਾਲਚ ਵਿੱਚ ਅਤਿ ਛਿਣਕ ਅਨੁਭੂਤੀਆਂ ਨੂੰ ਕਾਵਿਕ ਧਰਾਤਲ ਉੱਤੇ ਸਾਕਾਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਕਾਵਿ-ਅਰਥ ਨੂੰ ਦਾਰਸ਼ਨਿਕ ਗਹਿਰਾਈ ਦੇਣ ਵਿੱਚ ਕਾਮਯਾਬ ਨਹੀਂ ਹੁੰਦਾ। ਅਨੁਭੂਤੀਆਂ ਦੀ ਪੇਸ਼ਕਾਰੀ ਵਾਜਿਬ ਹੁੰਦੀ ਹੈ ਪਰ ਜਦੋਂ ਇਹ ਅਤਿ ਸੰਖੇਪਤਾ ਅਤੇ ਨਿੱਜਤਾ ਦੀ ਗਰਿਫ਼ਤ ਨੂੰ ਹੀ ਆਪਣਾ ਮੁਕਾਮ ਸਮਝ ਲਵੇ ਤਾਂ ਕਵਿਤਾ ਭਾਵਿਤ ਕਰਨ ਦੇ ਬਾਵਜੂਦ ਲੰਮੇ ਸਮੇ ਤੱਕ ਪ੍ਰਭਾਵਿਤ ਕਰਨ ਵਾਲ਼ੀ ਕਲਾਤਮਕ ਬੁਲੰਦੀ ਨੂੰ ਨਹੀਂ ਛੂ ਪਾਉਂਦੀ। ਇਸ ਪੱਖੋਂ ਗੁਰਮੀਤ ਨੂੰ ਸੁਚੇਤ ਹੋਣ ਦੀ ਲੋੜ ਹੈ ਅਤੇ ਇਸ ਪਹਿਲੇ ਕਾਵਿ-ਸੰਗ੍ਰਹਿ ਤੋਂ ਬਾਅਦ ਕਵਿਤਾ ਦੇ ਗੰਭੀਰ ਪਾਠਕ ਉਸ ਤੋਂ ਅਜਿਹੀ ਉਮੀਦ ਵੀ ਕਰਨਗੇ। ਇਸ ਸੀਮਾ ਦੇ ਬਾਵਜੂਦ ਇੱਕ 'ਗੁੱਝੇ'ਸੰਭਾਵਨਾਭਰਪੂਰ ਸ਼ਾਇਰ ਦੇ ਇਸ ਕਾਵਿ-ਸੰਗ੍ਰਹਿ ਨੂੰ ਜੀ ਆਇਆਂ ਕਹਿਣ ਅਤੇ ਪਾਠਕਾਂ ਦੇ ਰੂ-ਬ-ਰੂ ਪੇਸ਼ ਕਰਨ ਵਿੱਚ ਮੈਨੂੰ ਖ਼ੁਸ਼ੀ ਹੋ ਰਹੀ ਹੈ।

('ਪੜਛਾਵਿਆਂ ਦੇ ਮਗਰੇ-ਮਗਰ' ਦੇ ਪਰਿਪੇਖ ਵਿੱਚ)